# ਭੂਟਾਨ ਵਿੱਚ ਗੁਰੂ ਨਾਨਕ ਦੇਵ ਜੀ

ਪਿਆਕੋਚਿਨ ਤੋ ਅੱਗੇ ਘੋੜਾ ਲਾ ਹੁੰਦੇ ਹੋਏ ਗੁਰੂ ਜੀ ਫਾਰੀਜ਼ੌਂਗ ਰਾਹੀਂ ਤਿੱਬਤ ਦੀ ਚੁੰਬੀ ਵਾਦੀ ਹੁੰਦੇ ਹੋਏ ਭੂਟਾਨ ਦੀ ਪਾਰੋ ਵਾਦੀ ਵਿੱਚ ਪਹੁੰਚੇ ਤੇ ਦੁਖਏਲ ਜ਼ੌਂਗ ਜਾ ਟਿਕਾਣਾ ਕੀਤਾ। ਦੁਖਏਲ ਜ਼ੌਂਗ ਭੂਟਾਨ ਦਾ ਪੱਛਮੀ ਕਿਲ੍ਹਾ ਹੈ ਜਿਸ ਦੇ ਗੋਲ ਗੁੰਬਦ ਬੜੇ ਖਿੱਚ ਭਰਪੂਰ ਹਨ। ਗੁਰੂ ਜੀ ਦਾ ਅਗਲਾ ਪੜਾ ਤਾਕਸਿੰਗ (ਸ਼ੀਂਹ ਗੁਫਾ) ਸੀ। ਸ਼ੀਂਹ ਗੁਫਾ ਬਾਰੇ ਇਤਿਹਾਸ ਵਿੱਚ ਇਉਂ ਦਰਜ ਮਿਲਦਾ ਹੈ - ਇੱਕ ਇਲਾਕੇ ਵਿੱਚ ਹਜ਼ਾਰਾਂ ਸ਼ੇਰ ਸਨ, ਏਥੇ ਪਹੁੰਚਕੇ ਗੁਰੂ ਜੀ ਨੇ ਮਰਦਾਨੇ ਨੂੰ ਕਿਹਾ- ਮਰਦਾਨਿਆਂ ਰਬਾਬ ਵਜਾ। ਰਬਾਬ ਦੀਆਂ ਧੁਨਾਂ ਪਰਬਤਾਂ ਵਿੱਚ ਗੂੰਜੀਆਂ ਤਾਂ ਅਸਰ ਭਰਿਆ ਸੰਗੀਤ ਸ਼ੇਰਾਂ ਦੇ ਦਿਲ ਭੀ ਮੋਮ ਬਣਾ ਗਿਆ ਤੇ ਉਹ ਗੁਰੂ ਜੀ ਦੇ ਨੇੜੇ ਆ ਕੇ ਬੈਠ ਗਏ ਤੇ ਸੰਗੀਤ ਦਾ ਅਨੰਦ ਮਾਨਣ ਲੱਗੇ। ਗੁਰੂ ਜੀ ਨੇ ਸੰਗੀਤ ਬੰਦ ਕਰਕੇ ਬੈਠੇ ਸ਼ੇਰਾਂ ਤੋਂ ਪੁੱਛਿਆ- ਤੁਸੀਂ ਏਥੇ ਕਿਵੇਂ ਪਹੁੰਚੇ? ਸ਼ੇਰਾਂ ਨੇ ਜਵਾਬ ਦਿਤਾ-ਤੁਹਾਨੂੰ ਵੇਖਕੇ ਸਾਡੀ ਬੋਲਣ ਸ਼ਕਤੀ ਵਾਪਿਸ ਆ ਗਈ ਹੈ। ਏਥੇ ਅਸੀਂ ਅਪਣੇ ਪਿਛਲੇ ਜੀਵਨ ਦੇ ਮਾੜੇ ਕਰਮਾਂ ਕਰਕੇ ਪਹੁੰਚੇ ਹਾਂ ਜਿਸ ਕਰਕੇ ਸਾਨੂੰ ਇਹ ਜੀਵਨ ਮਿਲਿਆ ਹੈ। ਸਾਡਾ ਮਨ ਤਾਂ ਇਹੋ ਕਹਿੰਦਾ ਹੈ ਕਿ ਹੁਣ ਸਾਡੀ ਬੰਦ ਖਲਾਸੀ ਹੋ ਜਾਵੇਗੀ ਤੇ ਉਹ ਵੀ ਤੁਹਾਡੇ ਹੱਥੋਂ ਹੀ ਹੋਵੇਗੀ। ਗੁਰੂ ਜੀ ਨੇ ਪੁੱਛਿਆ - ਤੁਸੀਂ ਕੀ ਖਾ ਕੇ ਗੁਜ਼ਾਰਾ ਕਰਦੇ ਹੋ? ਸ਼ੇਰਾਂ ਨੇ ਜਵਾਬ ਦਿਤਾ- ਅਸੀਂ ਇਸ ਹਜ਼ਾਰਾਂ ਸਾਲ ਮੀਲ ਲੰਬੇ ਜੰਗਲ ਦੇ ਸਾਰੇ ਜੰਗਲੀ ਜਾਨਵਰ ਖਾ ਗਏ ਹਾਂ। ਹੁਣ ਤਾਂ ਇਹ ਹਾਲਤ ਹੋ ਗਈ ਹੈ ਕਿ ਜੇ ਸਾਡੇ ਵਿਚੋਂ ਕੋਈ ਥੋੜੀ ਦੇਰ ਊਂਧਾ ਪੈਂਦਾ ਹੈ ਤਾਂ ਦੂਸਰੇ ਸ਼ੇਰ ਉਸ ਦਾ ਭੋਜਨ ਬਣਾ ਲੈਂਦੇ ਹਨ ਇਸ ਲਈ ਹੁਣ ਕੋਈ ਸ਼ੇਰ ਅਵੇਸਲਾ ਨਹੀਂ ਹੁੰਦਾ। ਹੁਣ ਲਗਾਤਾਰ ਜਾਗਣਾ ਵੀ ਅਸੰਭਵ ਹੋ ਗਿਆ ਹੈ। ਮੌਤ ਤੋਂ ਬਿਨਾ ਕੋਈ ਛੁਟਕਾਰਾ ਨਹੀਂ ਲੱਗਦਾ। ਗੁਰੂ ਨਾਨਕ ਦੇਵ ਜੀ ਨੇ ਕਿਹਾ-ਇਹ ਠੀਕ ਹੈ। ਤੁਸੀਂ ਜੇ ਮਰਨਾ ਹੀ ਹੈ ਤਾਂ ਦੂਜਿਆਂ ਨੂੰ ਮਾਰਨਾ ਕਿਸ ਲਈ? ਸੋ ਦੂਸਰਿਆਂ ਨੂੰ ਮਾਰਨਾ ਛੱਡ ਦਿਓ। ਤੁਹਾਨੂੰ ਅਗਲਾ ਜਨਮ ਮਨੁੱਖ ਦਾ ਮਿਲੇਗਾ ਜਿਸ ਵਿੱਚ ਤੁਸੀਂ ਪਰਮਾਤਮਾ ਦੇ ਨਾਂ ਦੀ ਭਗਤੀ ਕਰਨੀ ਹੈ ਜਿਸ ਪਿੱਛੋਂ ਤੁਹਾਡੀ ਮੁਕਤੀ ਹੋਵੇਗੀ। ਜੇ ਭਗਤੀ ਨਹੀਂ ਕਰੋਗੇ ਤਾਂ ਅਗਲਾ ਜਨਮ ਇਸ ਤੋਂ ਵੀ ਦੁਖਦਾਈ ਹੋਵੇਗਾ। ਸ਼ੇਰਾਂ ਨੂੰ ਪਲ ਸਮਝ ਆ ਗਈ ਤੇ ਹੋਰ ਕਿਸੇ ਦਾ ਸ਼ਿਕਾਰ ਨਾ ਕਰਨ ਦਾ ਵਾਹਦਾ ਕੀਤਾ।

ਰਬ ਭਲੀ ਕਰੇ, ਇਹ ਕਹਿਕੇ ਗੁਰੂ ਨਾਨਕ ਦੇਵ ਜੀ ਜੰਗਲ ਵਿਚੋਂ ਬਾਹਰ ਨਿਕਲੇ ਤੇ ਇੱਕ ਕਸਬੇ ਵਿੱਚ ਆ ਪਹੁੰਚੇ। ਉਥੋਂ ਦੇ ਲੋਕਾਂ ਨੇ ਸ਼ੇਰਾਂ ਦੇ ਡਰ ਤੋਂ ਇੱਕ ਤਿੱਖੀ ਪਹਾੜੀ ਉਪਰ ਪਿੰਡ ਵਸਾਇਆ ਹੋਇਆ ਸੀ ਜਿਸ ਉੱਪਰ ਉਹ ਆਪ ਰੱਸਿਆਂ ਨਾਲ ਚੜ੍ਹਦੇ ਸਨ ਜਿਸ ਕਰਕੇ ਸ਼ੇਰ ਉਸ ਬਸਤੀ ਵਿੱਚ ਨਹੀਂ ਜਾ ਸਕਦੇ ਸਨ। ਉਹ ਜਾਣਦੇ ਸਨ ਕਿ ਜੰਗਲ ਦੇ ਸ਼ੇਰ ਕਿਸੇ ਜੀਵ ਨੂੰ ਵੀ ਜਿਉਂਦਾ ਨਹੀਂ ਛੱਡਦੇ ਸਨ। ਗੁਰੂ ਜੀ ਨੂੰ ਜੰਗਲ ਵਿਚੋਂ ਸਹੀ ਸਲਾਮਤ ਆਉਂਦਿਆਂ ਵੇਖਕੇ ਉਨ੍ਹਾਂ ਨੇ ਗੁਰੂ ਜੀ ਉਪਰ ਸਵਾਲਾਂ ਦੀ ਝੜੀ ਲਾ ਦਿਤੀ --ਤੁਸੀਂ ਜੰਗਲ ਵਿਚੋਂ ਬਚ ਕੇ ਕਿਵੇਂ ਆ ਗਏ? ਕੀ ਤੁਹਾਨੂੰ ਜੰਗਲ ਦੇ ਖੂੰਖਾਰ ਸ਼ੇਰ ਨਹੀਂ ਮਿਲੇ? ਕੀ ਤੁਹਾਨੂੰ ਸ਼ੇਰਾਂ ਨੇ ਨਹੀਂ ਖਾਧਾ? ਆਦਿ ਆਦਿ।

ਗੁਰੂ ਨਾਨਕ ਦੇਵ ਜੀ ਨੇ ਕਿਹਾ - ਮੈਂ ਉਨ੍ਹਾਂ ਨੂੰ ਸ਼ਾਂਤ ਸੁਭਾ ਦਾ ਬਣਾ ਦਿਤਾ ਹੈ। ਖੁਰਾਕ ਨਾ ਮਿਲਣ ਕਰਕੇ ਹੌਲੀ ਹੌਲੀ ਸਾਰੇ ਮਰ ਜਾਣਗੇ ਤੇ ਤੁਹਾਡੇ ਉੱਪਰੋਂ ਮੁਸੀਬਤ ਸਦਾ ਲਈ ਟਲ ਜਾਵੇਗੀ। ਕਸਬੇ ਦੇ ਵਾਸੀ ਬੜੇ ਖੁਸ਼ ਹੋਏ ਤੇ ਗੁਰੂ ਜੀ ਨੂੰ ਅਕੀਦਤ ਪੇਸ਼ ਕਰਨ ਲਈ ਪਹਾੜੀ ਉੱਪਰ ਗੁਰੂ ਜੀ ਦਾ ਸਥਾਨ ਬਣਾਇਆ ਜੋ ਸ਼ੀਂਹ ਗੁਫਾ ਦੇ ਨਾਮ ਨਾਲ ਅੱਜ ਵੀ ਜਾਣਿਆ ਜਾਂਦਾ ਹੈ।

ਪਾਰੋ ਤੋਂ ਗੁਰੂ ਨਾਨਕ ਥਿੰਪੂ ਹੁੰਦੇ ਹੋਏ ਤਾਸ਼ੀ-ਚੋ-ਜ਼ੌਂਗ ਪਹੁੰਚੇ। ਤਾਸ਼ੀ-ਚੋ-ਜ਼ੌਂਗ ਦੀ ਪਿੱਠ ਭੂਮੀ ਵਿੱਚ ਤਿੰਨ ਭਾਈਆਂ ਦਾ ਸਫੈਦ ਗਲੇਸ਼ੀਅਰ ਹੈ ਜੋ ਗੁਰੂ ਨਾਨਕ ਦੇਵ ਜੀ ਅਤੇ ਉਸ ਦੇ ਦੋਨਾਂ ਸਾਥੀਆਂ ਦੀ ਯਾਦ ਦਿਵਾਂਦਾ ਹੈ। ਤਾਸ਼ੀ-ਚੋ-ਜ਼ੌਂਗ ਤੋਂ ਗੁਰੂ ਜੀ ਏਥੋਂ ਦੇ ਮੁੱਖ ਮੱਠ ਵਿੱਚ ਗਏ। ਮੁੱਖ ਲਾਮਾ ਨਾਲ ਗੁਰੂ ਨਾਨਕ ਦੇਵ ਜੀ ਦੇ ਵਚਨ ਬਿਲਾਸ ਹੋਏ। ਲਾਮਾ ਪ੍ਰਭਾਵਿਤ ਹੋਇਆ ਤੇ ਉਸਨੇ ਗੁਰੂ ਨਾਨਕ ਦੇਵ ਜੀ ਦੇ ਸ਼ਬਦਾਂ ਦਾ ਭੁਟੀਆ ਭਾਸ਼ਾ ਵਿੱਚ ਤਰਜਮਾ ਕੀਤਾ। ਸ਼ੀਂਹ ਗੁਫਾ ਵਾਲੀ ਕਹਾਣੀ ਉਥੋਂ ਦੇ ਅਜੋਕੇ ਮੁੱਖ ਲਾਮਾ ਨੇ ਵੀ ਦੱਸੀ।

ਗੁਰੂ ਨਾਨਕ ਏਥੋਂ ਦੇ ਧਰਮ ਰਾਜਾ ਦੇ ਸਥਾਨ ਤੇ ਵੀ ਗਏ ਜਿਸ ਦਾ ਵੇਰਵਾ ਜਨਮ ਸਾਖੀ ਬੀ -40 ਵਿੱਚ ਇਸਤਰ੍ਹਾਂ ਹੈ-

ਸਾਖੀ ਭੁਟੰਤ ਦੇਸ ਕੀ ਚਲੀ।। ਬਾਬਾ ਨਾਨਕ ਭੁਟੰਤ ਦੇ ਦੇਸ ਆਇਆ।। ਆਇ ਕੈ ਬਾਗ ਵਿੱਚ ਬੈਠਾ।। ਜਿ ਕੋਈ ਬਾਬੇ ਕਾ ਦਰਸਨੁ ਕਰੇ ਸੋ ਬਹਿ ਰਹੈ। ਉਠ ਨ ਸਕੈ ਘਰਿ ਜਾਇ ਨ ਸਕੈ।। ਤਾ ਮੁਲਕ ਵਿੱਚ ਲਗੀਆ ਗਲਾ ਹੋਵਨਿ।। ਜੋ ਇੱਕ ਮਹਾਪੁਰਖ ਆਇਆ ਹੈ ਇਸੁ ਮੁਲਕੁ ਵਿੱਚ ਪਰੁ ਨ ਕਛੁ ਖਾਂਦਾ ਹੈ ਨ ਕਛੁ ਪੀਂਦਾ ਹੈ ਨ ਕਿਸੇ ਨਾਲਿ ਬੋਲਦਾ ਹੈ। ਨ ਕਛੁ ਮੰਗਦਾ ਹੈ ਨ ਕਛੁ ਲੈਂਦਾ ਹ ਬੜਾ ਬੇਪਰਵਾਹੁ ਫਕੀਰੁ ਹੈ। ਤਾਂ ਉਸ ਥਾਵੈ ਦਾ ਰਾਜਾ ਸੁਣਿ ਕੇ ਬਾਬੇ ਪਾਸਿ ਆਇਆ। ਭਲੀਆ ਭਲੀਆ ਵਸਤੂੰ ਖਾਣ ਦੀਆਂ ਪਹਿਨਣ ਦੀਆਂ ਨਾਲਿ ਲੈ ਆਇਆ।। ਆਇ ਕੈ ਪੈਰੀ ਪਇਆ। ਜਾ ਬਾਬਾ ਦੇਖੈ ਉਸ ਦੇਸ ਕੀ ਰਉਸਿ ਉਨਾ ਦੀ। ਜੋ ਰਾਜਾ ਘਾਹ ਖੋਤਣ ਜਾਇ।। ਪਹਰਾਵਾ ਰਾਜੇ ਦਾ ਜਤਿ ਦੇ ਕਪੜੇ ਪੈਨਣ ਨੂੰ।। ਅਤੈ ਜਿਸ ਦੀ ਬੇਟੀ ਦਾ ਵਿਆਹੁ ਹੋਵੇ ਸੋ ਪਹਿਲੀ ਰਾਤ ਰਾਜਾ ਪਾਸ ਜਾਵੈ ਤਾ ਪਿਛੈ ਦੀ ਅਪਣੇ ਭਰਤੇ ਨਾਲਿ ਵਸੈ। ਤਾ ਬਾਬੇ ਨਾਨਕੁ ਉਸ ਰਾਜੇ ਨੂੰ ਕਹਿਆ ਜੋ ਰਾਜਾ ਇਹ ਕਰਤੂਤ ਤੂ ਕਰਦਾ ਹਹਿ ਸੋ ਤੂ ਛਡ ਗੁਰੂ ਦਾ ਹੁਕਮੁ ਹੈ। ਅਤੈ ਜੋ ਕਿਛੁ ਤੇਰੀ ਖੁਸੀ ਹੈ ਤੂ ਮੰਗ।। ਗੁਰੂ ਤੁਧੁ ਊਪਰ ਦਇਆਲੂ ਹੈ।। ਤਾਂ ਉਨਾਂ ਮਹਿਆ ਜਿ ਬਾਬਾ ਮੇਰੇ ਦੇਸ ਚਾਵਲ ਤੇ ਪਸਮ ਬਹੁਤ ਹੁੰਦੀ ਹੈ।। ਹੋਰੁ ਕਛੁ ਨਾਹੀ ਪੈਦਾ ਨਹੀ ਹੋਂਦਾ।। ਤਾ ਬਾਬੇ ਉਸ ਦੇ ਦੇਸ ਖਾਦੀ ਸਭੈ ਦਿਤੀਆਂ ਵਸਬੋਈ ਦਿਤੀਆਸੁ ਕਪੜਾ ਦਿਤੋਸੁ ਖਾਣਿ ਸੁਇਨੇ ਦੀ ਰੁਪੇ ਦੀ ਤਾਬੇ ਦੀ ਕਲੀ ਦੀ ਸਿਕੇ ਦੀ ਜਸਤ ਦੀ ਸਭ ਖਾਣੀ ਦਿਤੀਆ। ਕਸਤੂਰੀ ਪਟੁ ਬਹੁਤੁ ਮੇਵੇ ਹੋਰ ਕਿਤਣੀਆਂ ਵਸਤੁ ਪਰਬਤੁ ਵਿੱਚ ਪੈਦਾ ਕੀਤੀਓਸੁ।। ਤਾ ਰਾਜਾ ਸਿਖ ਹੋਆ ਪਰਜਾ ਸਮੇਤ।। ਤਾ ਬਾਬੇ ਉਨਾਂ ਨੂੰ ਨਾਮੁ ਦਾਨੁ ਇਸਨਾਨੁ ਦਿੜਾਇਆ।। (ਪਿਆਰ ਸਿੰਘ (ਸੰ) ਜਨਮਸਾਖੀ ਗੁਰੂ ਨਾਨਕ ਦੇਵ ਜੀ ਭਟਣਓ (ਬੀ 40, ਪੰਨਾ 124) ੩੩

ਇਸ ਤੋਂ ਅੱਗੇ ਗੁਰੂ ਨਾਨਕ ਦੇਵ ਜੀ ਬੁਮਥਾਂਗ ਗਏ ਦਸੇ ਜਾਂਦੇ ਹਨ। ਬੁਮਥਾਂਗ ਦੇ ਛੁਪੇ ਖਜ਼ਾਨੇ ਦੀ ਗਾਥਾ ਗੁਰੂ ਨਾਨਕ ਦੇਵ ਜੀ ਨਾਲ ਜੁੜੀ ਦੱਸੀ ਜਾਂਦੀ ਹੈ ਜਿਸ ਅਨੁਸਾਰ- ਕੁੰਜੁਮਗਦਾ ਪਿੰਡ ਦਾ 27 ਸਾਲ ਦੀ ਉਮਰ ਦਾ ਪਾਮਲਿੰਗਪਾ ਨਾਂ ਦਾ ਇੱਕ ਬੌਨਾ ਲੁਹਾਰ ਜੰਗਲ ਵਿਚੋਂ ਖਾਣ ਲਈ ਖੁੰਭਾਂ ਲੱਭਣ ਗਿਆ ਪਰ ਉਸਨੂੰ ਸਾਰਾ ਦਿਨ ਭਟਕਣ ਪਿੱਛੋਂ ਵੀ ਕੋਈ ਖੁੰਭ ਹੱਥ ਨਾ ਲੱਗੀ। ਵਾਪਸੀ ਤੇ ਉਸਨੂੰ ਲੰਬੀ ਦਾੜ੍ਹੀ ਵਾਲਾ ਬਜ਼ੁਰਗ (ਲੋਕਲ ਲਾਮਾ ਅਨੁਸਾਰ ਨਾਨਕ ਲਾਮਾ) ਮਿਲਿਆ ਜਿਸ ਨੇ ਉਸਦਾ ਉਦਾਸ ਮੁੱਖ ਵੇਖਕੇ ਕਾਰਣ ਪੁੱਛਿਆ। ਪਾਮਲਿੰਗਪਾ ਨੇ ਸਾਰਾ ਦਿਨ ਭਟਕਣ ਪਿੱਛੋਂ ਵੀ ਕੋਈ ਖੁੰਭ ਹੱਥ ਨਾ ਲੱਗਣ ਕਰਕੇ ਅਪਣੀ ਨਾ ਸਹਾਰੀ ਜਾਣ ਵਾਲੀ ਭੁੱਖ ਦੱਸਿਆ। ਨਾਨਕ ਲਾਮਾ ਨੇ ਉਸੇ ਥਾਂ ਤੋਂ ਜਿਉਂ ਹੀ ਝਾੜੀਆਂ ਉਠਾਈਆਂ ਥੱਲੇ ਖੁੰਭਾਂ ਦਾ ਮੇਲਾ ਲੱਗਾ ਨਜ਼ਰ ਆਇਆ। ਪਾਮਲਿੰਗਪਾ ਬੜਾ ਖੁਸ਼ ਹੋਇਆ ਤੇ ਉਸ ਨੇ ਨਾਨਕ ਲਾਮਾ ਨੂੰ ਖਾਣੇ ਲਈ ਨਿਉਤਾ ਦਿਤਾ। ਨਾਨਕ ਲਾਮਾ ਨੇ ਪਾਮਲਿੰਗਪਾ ਨੂੰ ਇੱਕ ਕਾਗਜ਼ ਦਿਤਾ ਜਿਸ ਉਪਰ ਕੁੱਝ ਲਿਖਿਆ ਹੋਇਆ ਸੀ ਜਿਸ ਨੂੰ ਉਹ ਅਣਪੜ੍ਹ ਹੋਣ ਕਰਕੇ ਸਮਝ ਨਹੀਂ ਸੀ ਸਕਦਾ। ਬੜੀ ਰੀਝ ਤੇ ਸ਼ਰਧਾ ਨਾਲ ਸੱਤ ਸੁਗੰਧੀਆਂ ਵਾਲਾ ਖਾਣਾ ਬਣਾ ਕੇ ਜਦ ਪਾਮਲਿੰਗਪਾ ਨਾਨਕ ਲਾਮਾ ਨੂੰ ਸੱਦਣ ਗਿਆ ਤਾਂ ਉਹ ਉੱਥੇ ਨਹੀਂ ਸੀ। ਬੜੇ ਉਦਾਸ ਮਨ ਨਾਲ ਉਸਨੇ ਖਾਣਾ ਖਾਧਾ ਤੇ ਛੱਤ ਤੇ ਲੇਟ ਕੇ ਨਿਮੋਝੂਣਾ ਹੋਇਆ ਬੱਦਲਾਂ ਨੂੰ ਵੇਖਣ ਲੱਗਾ। ਬੱਦਲਾਂ ਵਿਚੋਂ ਅਚਾਨਕ ਉਸ ਨੂੰ ਚਮਕ ਦਿਸੀ। ਉਸ ਵਿੱਚ ਕੋਈ ਅਦੁਤੀ ਸ਼ਕਤੀ ਆ ਗਈ ਸੀ। ਉਸ ਨੇ ਉਹ ਕਾਗਜ਼ ਚੁੱਕ ਲਿਆ ਤੇ ਪੜ੍ਹਣ ਲੱਗਾ। ਉਸ ਨੂੰ ਕਾਗਜ਼ ਉੱਤੇ ਲਿਖਿਆ ਵੀ ਸਭ ਸਮਝ ਆ ਗਿਆ। ਲਿਖਿਆ ਸੀ- ਚਮਕਦੀ ਝੀਲ ਤੇ ਜਾਓ, ਉੱਥੇ ਅਦੁੱਤੀ ਖਜ਼ਾਨਾ ਮਿਲੇਗਾ। ਉਹ ਬਿਨਾ ਦੇਰੀ ਕੀਤੇ ਝੀਲ ਵਿੱਚ ਚਲਾ ਗਿਆ ਜਿਥੋਂ ਉਸਨੂੰ ਅਦੁਤੀ ਗਿਆਨ ਦਾ ਖਜ਼ਾਨਾ ਮਿਲਿਆ ਤੇ ਉਹ ਮਹਾਂ ਗਿਆਨੀ ਵਜੋਂ ਪ੍ਰਸਿਧ ਹੋ ਗਿਆ।



ਭੁਟਾਨ ਦੇ ਗੋਂਫਾ ਵਿੱਚ ਗੁਰੂ ਨਾਨਕ ਦਾੜੀ ਵਾਲਾ ਲਾਮਾ ਦੇ ਰੂਪ ਵਿਚ

ਬੂਮਥਾਂਗ ਤੋਂ ਗੁਰੂ ਜੀ ਮੱਧ ਭੂਟਾਨ ਤੋਂ ਆਸਾਮ ਦੇ ਹਜੋ ਖਿਲਾਕੇ ਵਿੱਚ ਦੀ ਭੂਟਾਨ ਦੇ ਪੂਰਬੀ ਇਲਾਕੇ ਵਿਚੋਂ ਦੀ ਅਰੁਣਾਂਚਲ ਵਿੱਚ ਦਾਖਲ ਹੋਏ ਜਿੱਥੇ ਉਹ ਤਵਾਂਗ, ਸਮਦੂਰੰਗ ਆਦਿ ਹੁੰਦੇ ਹੋਏ ਲਾਸਾ ਗਏ।

ਅਰੁਣਾਂਚਲ ਪ੍ਰਦੇਸ ਨਾਲ ਸੰਬੰਧ ਜੋੜੀ ਰੱਖਣ ਲਈ ਤੇ ਸੌਖੇ ਆਉਣ ਜਾਣ ਲਈ ਮੈਂ ਅਰੁਣਾਂਚਲ ਪ੍ਰਦੇਸ਼ ਦੇ ਕਬੀਲਿਆਂ ਉਪਰ ਖੋਜ ਸ਼ੁਰੂ ਕਰ ਲਈ ਤੇ ਨਾਰਥ ਬੰਗਾਲ ਯੂਨੀਵਰਸਿਟੀ ਵਿੱਚ ਪ੍ਹੀ ਐਚ਼ ਡ਼ੀ ਲਈ ਰਜਿਸਟਰਡ ਕਰਵਾ ਲਿਆ। ਇਸੇ ਖੋਜ ਸਦਕਾ ਇਸ ਇਲਾਕੇ ਵਿੱਚ ਰਹਿਣ ਦੀ ਮੇਰੀ ਮਿਆਦ ਸੱਤ ਸਾਲ ਤਕ ਦੀ ਵਧ ਸਕੀ ਤੇ ਮੈਨੂੰ ਸੰਨ 1987 ਤੋਂ 1992 ਤਕ ਸਿਲੀਗੁੜੀ ਤੋਂ ਅਰੁਣਾਂਚਲ ਪ੍ਰਦੇਸ਼, ਭੂਟਾਨ, ਨੇਪਾਲ ਤੇ ਸਿਕਿਮ ਜਾਣ ਦਾ ਖੁਲ੍ਹਾ ਮੌਕਾ ਮਿਲਦਾ ਰਿਹਾ ਤੇ ਇਸ ਉੱਤਰ ਪੂਰਬੀ ਇਲਾਕੇ ਵਿੱਚ ਗੁਰੂ ਨਾਨਕ ਦੇਵ ਦੀਆਂ ਯਾਤਰਾਵਾਂ ਦੀ ਡੂੰਘੀ ਖੋਜ ਦਾ ਸਮਾਂ ਮਿਲ ਗਿਆ। ਤਿੱਬਤ ਤੇ ਚੀਨ ਵਿੱਚ ਗੁਰੂ ਨਾਨਕ ਦੇਵ ਦੀਆਂ ਯਾਤਰਾਵਾਂ ਬਾਰੇ ਗਿਆਨ ਵੀ ਕਾਫੀ ਮਿਲ ਗਿਆ। ਇਸ ਨਾਲ ਗੁਰੂ ਨਾਨਕ ਦੀ ਪਰਬਤ ਲੜੀ ਦੀ ਯਾਤਰਾ ਦਾ ਸਾਫ ਖਾਕਾ ਮੇਰੇ ਮਨ ਵਿੱਚ ਉੱਤਰ ਗਿਆ ਸੀ।

ਭੂਟਾਨ ਤੋਂ ਗੁਰੂ ਜੀ ਸੇਲਾ ਸਬਰੇਲਾ ਨਾਂ ਦੀ ਪਹਾੜੀ ਤੇ ਕੁੱਝ ਚਿਰ ਤਪਸਿਆ ਕਰਕੇ ਗੋਵਿੰਦਗੜ੍ਹ ਨਾਂ ਦੀ ਪਹਾੜੀ ਤੇ ਪਹੁੰਚੇ। ਹੇਸੇ ਰਸਤੇ ਗੁਰੂ ਨਾਨਕ ਦੇਵ ਜੀ ਇੱਕ ਪੱਥਰ ਤੇ ਰੁਕੇ ਤੇ ਤਪ ਕੀਤਾ। ਜਦ ਸਾਰਾ ਇਲਾਕਾ ਪੂਰੀ ਤਰ੍ਹਾਂ ਬਰਫ ਨਾਲ ਢਕ ਜਾਂਦਾ ਹੈ ਤਾਂ ਵੀ ਇਸ ਪੱਥਰ ਉਪਰ ਬਰਫ ਨਹੀਂ ਜੰਮਦੀ। ਅਗਲਾ ਟਿਕਾਣਾ ਨਾਨਕਜ਼ੌਂਗ ਸੀ। ਇਸ ਥਾਂ ਗੁਰੂ ਨਾਨਕ ਕੁੱਝ ਦਿਨ ਠਹਿਰੇ ਤੇ ਪ੍ਰਵਚਨ ਵੀ ਕੀਤੇ। ਇਹ ਥਾਂ ਸਾਧਨਾ ਕੇਂਦਰ ਬਣਾਇਆ ਗਿਆ ਜੋ ਅਜ ਤਕ ਚਲਦਾ ਹੈ। ਏਥੋਂ ਅੱਗੇ ਗੁਰੂ ਜੀ ਤਵਾਂਗ, ਲੁਮਲਾ, ਜ਼ਿਮੀਥਾਂਗ, ਥਾਗਲਾ ਰਿਜ ਹੁੰਦੇ ਹੋਏ ਲਾਸਾ ਪਹੁੰਚੇ ਸਨ ਤੇ ਉਨ੍ਹਾਂ ਨੇ ਊਹੀ ਰਸਤਾ ਅਪਣਾਇਆ ਸੀ ਜੋ ਦਲਾਈ ਲਾਮਾ ਨੇ ਲਾਸਾ ਤੋਂ ਤਵਾਂਗ ਆਉਣ ਵੇਲੇ ਅਪਣਾਇਆ ਸੀ। ਲਾਸਾ ਤੋਂ ਉਹ ਸਾਕਿਆ ਮੱਠ ਹੁੰਦੇ ਹੋਏ ਮੰਚੂਖਾ ਵਾਦੀ ਵਿੱਚ ਪਹੁੰਚੇ ਸਨ।

ਅਰੁਣਾਂਚਲ ਪ੍ਰਦੇਸ਼ ਦੇ ਕਬੀਲਿਆਂ ਉੱਪਰ ਖੋਜ ਕਰਦੇ ਸਮੇਂ ਗੁਰੂ ਨਾਨਕ ਦੇਵ ਦੀਆਂ ਯਾਤਰਾਵਾਂ ਬਾਰੇ ਡੂੰਘੀ ਖੋਜ ਕਰਦਿਆਂ ਤਵਾਂਗ ਤੇ ਲੁਮਲਾ ਵਿੱਚ ਵੀ ਗੁਰੂ ਜੀ ਦੇ ਏਧਰ ਆਉਣ ਦੇ ਨਿਸ਼ਾਨ ਮਿਲੇ। ਖੋਜ ਕਰਦੇ ਸਮੇਂ ਪੂਰਬੀ ਅਰੁਣਾਂਚਲ ਨੂੰ ਜਾਂਦਿਆਂ ਮੈਂ ਮਿਸਾਮਰੀ ਅਫਸਰ ਮੈਸ ਵਿੱਚ ਠਹਿਰਿਆ। ਇੱਥੇ ਕੁੱਝ ਪਾਈਲਟ ਅਫਸਰਾਂ ਨਾਲ ਗੁਰੂ ਨਾਨਕ ਦੇਵ ਦੀਆਂ ਯਾਤਰਾਵਾਂ ਬਾਰੇ ਚਰਚਾ ਹੋਈ ਤਾਂ ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੇ ਉੱਤਰ

ਪੱਛਮੀ ਅਰੁਣਾਂਚਲ ਵਿਚੋਂ ਦੀ ਤਿੱਬਤ ਜਾਣ ਦੀ ਗੱਲ ਦੱਸੀ ਤੇ ਲੁਮਲਾ ਤੇ ਤਵਾਂਗ ਗੋਂਫਾ ਵਿੱਚ ਗੁਰੂ ਨਾਨਕ ਦੇਵ ਜੀ ਦੀਆਂ ਸਥਾਪਤ ਮੂਰਤੀਆਂ ਦੀ ਵੀ ਗੱਲ ਕੀਤੀ। ਉਨ੍ਹਾਂ ਨੂੰ ਅਪਣੀ ਖੋਜ ਦਾ ਮੰਤਵ ਤੇ ਮਹੱਤਵ ਦਸਦਿਆਂ ਇਨ੍ਹਾਂ ਥਾਵਾਂ ਤੇ ਜਾਣ ਦੀ ਇਛਾ ਪ੍ਰਗਟਾਈ ਤੇ ਮਦਦ ਲਈ ਬਿਨਤੀ ਕੀਤੀ ਤਾਂ ਪਾਈਲਟ ਮੇਜਰ ਇਕਬਾਲ ਸਿੰਘ ਨੇ ਮੈਨੂੰ ਇਨ੍ਹਾਂ ਇਲਾਕਿਆਂ ਵਿੱਚ ਲੈ ਜਾਣ ਦਾ ਭਰੋਸਾ ਦਿਤਾ। ਅਪਣੀ ਖੋਜ ਦੇ ਵਿਸ਼ੇ ਵਿੱਚ ਮੈਂ ਰੂਪਾ ਨਾਂ ਦੀ ਥਾਂ ਤੇ ਠਹਿਰਿਆ ਹੋਇਆ ਸਾਂ ਜਿਥੋਂ ਮੈਂ ਇਨ੍ਹਾਂ ਪਾਈਲਟਾਂ ਨਾਲ ਲਗਾਤਾਰ ਸੰਪਰਕ ਵਿੱਚ ਰਿਹਾ ਤੇ ਇੱਕ ਸੁਭਾਗੇ ਦਿਨ ਸਵੇਰੇ ਪੰਜ ਵਜੇ ਇੱਕ ਹੈਲੀਕਾਪਟਰ ਰੂਪਾ ਉਤਰਿਆ ਤੇ ਮੈਨੂੰ ਪੱਛਮ-ਉੱਤਰੀ ਅਰੁਣਾਂਚਲ ਵਲ ਲੈ ਉੱਡਿਆ।

ਹੈਲੀਕਾਪਟਰ ਬਰਫੀਲੇ ਲੁਮਲਾ ਦੇ ਹੈਲੀਪੈਡ ਤੇ ਮੈਨੂੰ ਉਤਾਰ ਕੇ ਉਡਾਰੀ ਮਾਰ ਗਿਆ। 1962 ਦੇ ਜੰਗ ਵੇਲੇ ਦੇ ਇਤਿਹਾਸਿਕ ਥਾਗਲਾ ਰਿਜ ਤੇ ਇਹ ਇੱਕ ਮਹਤਵ ਪੂਰਨ ਹੈਲੀਪੈਡ ਸੀ। ਆਉਂਦੇ ਵੇਲੇ ਉਨ੍ਹਾਂ ਨੇ ਮੈਨੂੰ ਉਸ ਗੋਂਫਾ ਵਲ ਇਸ਼ਾਰਾ ਕਰ ਦਿਤਾ ਸੀ ਜਿੱਥੇ ਨਾਨਕ ਲਾਮਾ ਦੀੌ ਵੱਡੀ ਮੂਰਤੀ ਸਥਾਪਤ ਸੀ। ਹੈਲੀਪੈਡ ਤੋਂ ਇੱਕ ਜਵਾਨ ਦੀ ਮਦਦ ਨਾਲ ਮੈਂ ਇਸ ਗੋਂਫਾ ਵਿੱਚ ਪਹੁੰਚਿਆ ਜੋ ਪਹਾੜੀ ਦੀ ਢਲਾਣ ਤੇ ਸਥਿਤ ਸੀ ਤੇ ਪੱਥਰ ਚਿਣ ਕੇ ਬਣਾਇਆ ਹੋਇਆ ਸੀ। ਬਾਹਰ ਬੋਧੀ ਝੰਡੇ ਝੂਲ ਰਹੇ ਸਨ ਤੇ ਓਮ ਮਨੀ ਪਦਮੇ ਹਮ ਨੂੰ ਸਾਰੇ ਅੰਬਰ ਵਿੱਚ ਬਿਖੇਰ ਰਹੇ ਸਨ।

ਗੋਂਫਾ ਦੇ ਮੁੱਖ ਦੁਆਰ ਤੇ ਹੀ ਮੈਨੂੰ ਮੱਠ ਦਾ ਲਾਮਾ ਮਿਲ ਗਿਆ ਜਿਸ ਨੇ ਇੱਕ ਵੀਹ ਫੁੱਟ ਦੇ ਲੱਗਭੱਗ ਉੱਚੀ ਵਿਸ਼ਾਲ ਮੂਰਤੀ ਦੇ ਦਰਸ਼ਨ ਕਰਾਂਦਿਆਂ ਦੱਸਿਆ-ਇਹ ਮੂਰਤੀ ਨਾਨਕ ਲਾਮਾ ਦੀ ਹੈ। ਅਸੀਂ ਨਾਨਕ ਲਾਮਾ ਨੂੰ ਗੁਰੂ ਰਿੰਪੋਸ਼ੇ ਦੇ ਨਾਮ ਨਾਲ ਪੂਜਦੇ ਹਾਂ। ‘





ਥਾਗਲਾ ਰਿਜ (ਅਰੁਣਾਚਲ) ਦੀ ਬੁੱਕਲ ਵਿੱਚ ਲੁਪੁੰਗ ਗੋਂਫਾ





1. ਲੁਪੁੰਗੁ ਗੋਂਫਾ ਵਿੱਚ ਸਥਾਪਿਤ ਨਾਨਕ ਲਾਮਾ ਦੀ 20 ਫੁੱਟ ਉੱਚੀ ਮੂਰਤੀ 2. ਮੂਰਤੀ ਅੱਗੇ ਲਾਮਾ ਪੁਜਾਰੀ।

ਲੁਪੁੰਗ ਗੋਂਫਾ ਵਿੱਚ ਸਥਾਪਿਤ ਇਸ ਬਹੁਤ ਸੁੰਦਰ ਮੂਰਤੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਮੈਂ ਪੁੱਛਿਆ- ਤੁਸੀਂ ਨਾਨਕ ਲਾਮਾ ਬਾਰੇ ਕਿਤਨਾ ਕੁ ਜਾਣਦੇ ਹੋ? ਉਸ ਦੱਸਿਆ - ਨਾਨਕ ਲਾਮਾ ਪੰਜਾਬ ਦੇ ਰਹਿਣ ਵਾਲੇ ਸਨ ਤੇ ਪੰਜਾਬ ਤੋਂ ਹੀ ਏਧਰ ਆਏ ਸਨ। ਏਥੇ ਤਵਾਂਗ ਵਲੋਂ ਆਏ ਸਨ ਤੇ ਅੱਗੇ ਨਾਗੁਲਾ ਦਰਰਾ ਲੰਘ ਕੇ ਤਿੱਬਤ ਦੀ ਰਾਜਧਾਨੀ ਲਾਸਾ ਦੇ ਮੁੱਖ ਮੱਠ ਪੋਟਾਲਾ ਗਏ ਸਨ ਜਿੱਥੇ ਉਨ੍ਹਾਂ ਨੇ ਦਲਾਈ ਲਾਮਾ ਨੂੰ ਮਿਲਕੇ ਕਰਮਾ ਪਾ ਮੱਤ ਉਪਰ ਹੋ ਰਹੇ ਅਤਿਆਚਾਰ ਨੂੰ ਰੋਕਣ ਲਈ ਕਿਹਾ ਸੀ। ਲਾਸਾ ਤੋਂ ਗੁਰੂ ਜੀ ਕਿਸ ਰਸਤੇ ਮੁੜੇ? ਇਸ ਸਵਾਲ ਦਾ ਜਵਾਬ ਦਿੰਦਿਆਂ ਉਸ ਦੱਸਿਆ ਕਿ ਗੁਰੂ ਨਾਨਕ ਲਾਸਾ ਵਿੱਚ ਦਲਾਈ ਲਾਮਾ ਤੇ ਦੂਜੇ ਲਾਮਿਆਂ ਨਾਲ ਵਚਨ ਬਿਲਾਸ ਪਿਛੋਂ ਪੂਰਬੀ ਤਿੱਬਤ ਰਾਹੀਂ ਸਾਕਿਆ ਮੱਠ ਗਏ ਜਿੱਥੋ ਉਹ ਲਾ ਖਾਨਿਆ ਦਰਰੇ ਰਾਹੀਂ ਮੰਚੂਖਾ ਗਏ। ਅਸੀਂ ਸਾਰੇ ਕਰਮਾਪਾ ਹਾਂ ਤੇ ਨਾਨਕ ਲਾਮਾ ਹੀ ਸਾਡੇ ਮੁੱਖ ਗੁਰੂ ਹਨ ਜਿਨ੍ਹਾਂ ਪ੍ਰਤੀ ਸ਼ਰਧਾ ਵਸ ਅਸੀਂ ਉਨ੍ਹਾਂ ਦੀ ਮੂਰਤੀ ਪੂਜਾ ਕਰਦੇ ਹਾਂ। ਨਾਨਕ ਲਾਮਾ ਪ੍ਰਤੀ ਸ਼ਰਧਾ, ਸਾਨੂੰ ਸਾਡੇ ਬਜ਼ੁਰਗਾਂ ਤੋਂ ਮਿਲੀ ਹੈ। ਇਸ ਬਾਰੇ ਹੋਰ ਜਾਣਕਾਰੀ ਤਵਾਂਗ ਜਾ ਕੇ ਮਿਲ ਜਾਵੇਗੀ।


ਨਾਨਕ ਲਾਮਾ ਦੀ ਮੂਰਤੀ ਤੇ ਗੋਂਫਾ ਦੀਆਂ ਤਸਵੀਰਾਂ ਲੈ ਕੇ ਤੇ ਲਾਮਾ ਦੀ ਇੰਟਰਵਿਊ ਰਿਕਾਰਡ ਕਰਕੇ ਮੈਂ ਉਸ ਇਲਾਕੇ ਦੀ ਪ੍ਰਦੱਖਣਾ ਕੀਤੀ ਤੇ ਤਵਾਂਗ ਜਾਣ ਲਈ ਮੁੜ ਹੈਲੀਪੈਡ ਤੇ ਆ ਗਿਆ। ਏਥੋਂ ਇੱਕ ਕਾਨਵਾਈ ਤਵਾਂਗ ਵਲ ਜਾ ਰਹੀ ਸੀ। ਬਿਨਾਂ ਦੇਰੀ ਕੀਤੇ ਇੱਕ ਥ੍ਰੀ ਟਨ ਗੱਡੀ ਤੇ ਸਵਾਰ ਹੋ ਇਸ ਕਾਨਵਾਈ ਦਾ ਅੰਗ ਬਣ ਗਿਆ ਜੋ ਤਵਾਂਗ ਜਾ ਰਹੀ ਸੀ।

ਤਵਾਂਗ ਪਹੰਚਣ ਤੇ ਮੈਂ ਪੁੱਛ ਪੁੱਛਾ ਕੇ ਉਥੋਂ ਦੇ ਮੁੱਖ ਮੱਠ ਵਿੱਚ ਪਹੁੰਚਿਆ। ਅੱਗੇ ਲਾਮਾ ਨਾਲ ਮੁਲਾਕਾਤ ਹੋ ਗਈ ਜਿਸ ਨੇ ਗੁਰੂ ਨਾਨਕ ਦੇਵ ਜੀ ਦਾ ਤਵਾਂਗ ਆਉਣਾ ਮੰਨਿਆਂ। ਕੁੱਝ ਤਨਖਾ (ਬੋਧੀ ਪੇਟਿੰਗ) ਵੀ ਉਸ ਵਿਖਾਏ ਜਿਨ੍ਹਾਂ ਵਿਚਲੀ ਮੁੱਖ ਤਸਵੀਰ ਉਸ ਨੇ ਗੁਰੂ ਨਾਨਕ ਦੇਵ ਜੀ ਦੀ ਦੱਸੀ। ਨਾਲ ਹੀ ਉਸ ਨੇ ਇਹ ਵੀ ਕਿਹਾ ਕਿ ਨਾਨਕ ਲਾਮਾ ਦਾ ਵੱਡਾ ਗੋਂਫਾ 8-10 ਕਿਲੋਮੀਟਰ ਤੇ ਹੈ ਜੋ ਰੂਪਾ ਵਲ ਜਾਂਦੇ ਰਸਤੇ ਉੱਪਰ ਹੀ ਹੈ।





ਤਵਾਂਗ ਗੋਂਫਾ ਤੇ ਤਵਾਂਗ ਦੇ ਮੁੱਖ ਲਾਮਾ ਦੀਆਂ ਤਸਵੀਰਾਂ





ਤਵਾਂਗ ਦੇ ਬਾਹਰ ਕਰਮਾਪਾ ਗੋਂਫਾ ਵਿੱਚ ਗੁਰੂ ਨਾਨਕ ਦੀਆਂ ਤਸਵੀਰਾਂ

ਤਵਾਂਗ ਗੋਂਫਾ ਵਿਚੋਂ ਨਿਕਲਦਿਆਂ ਹਨੇਰਾ ਪੈ ਚੱਲਿਆ ਸੀ ਇਸ ਲਈ ਰਾਤ ਰਹਿਣ ਦਾ ਬੰਦੋਬਸਤ ਜ਼ਰੂਰੀ ਸੀ ਜੋ ਇੱਕ ਫੌਜੀ ਯੂਨਿਟ ਵਿੱਚ ਹੀ ਹੋ ਗਿਆ। ਸਵੇਰੇ ਸਾਝਰੇ ਹੀ ਤਿਆਰ ਹੋ ਕੇ ਮੈ ਵੱਡੇ ਗੋਂਫਾ ਲਈ ਕਿਸੇ ਸਵਾਰੀ ਗੱਡੀ ਲਈ ਉਡੀਕਣ ਲੱਗਾ। ਇੱਕ ਫੌਜੀ ਅਫਸਰ ਨੇ ਲਿਫਟ ਦੇ ਕੇ ਵੱਡੇ ਗੋਂਫਾ ਅੱਗੇ ਛੱਡ ਦਿਤਾ। ਇਹ ਵੀ ਇੱਕ ਵਿਸਾਲ ਮੱਠ ਸੀ। ਜਿਸ ਵਿੱਚ ਵੱਡੀਆਂ ਵੱਡੀਆਂ ਮੂਰਤੀਆਂ ਸਨ। ਇਨ੍ਹਾਂ ਵਿੱਚ ਵੀ ਨਾਨਕ ਲਾਮਾ ਦੀ

ਮੂਰਤੀ ਰੱਖੀ ਹੋਈ ਸੀ ਤੇ ਤਨਖਾ ਉੱਪਰ ਤਸਵੀਰਾਂ ਬਣੀਆਂ ਹੋਈਆਂ ਸਨ ਜਿਨ੍ਹਾਂ ਦੇ ਮੈ ਫੋਟੋ ਉਤਾਰੇ। ਇਥੋਂ ਦੇ ਲਾਮਾ ਨੇ ਵੀ ਤਕਰੀਬਨ ਉਹੋ ਹੀ ਕਹਾਣੀਆਂ ਦੁਹਰਾਈਆਂ ਤੇ ਗੁਰੂ ਨਾਨਕ ਦੇ ਏਥੇ ਆਕੇ ਰਾਤ ਰਹਿਣ ਦਾ ਜ਼ਿਕਰ ਕੀਤਾ। ਅਗਲਾ ਸਫਰ ਲੰਬਾ ਹੋਣ ਕਰਕੇ ਮੈ ਜਿਆਦਾ ਦੇਰ ਉਸ ਥਾਂ ਨਾ ਗੁਜ਼ਾਰ ਸਕਿਆ ਤੇ ਸੇਲਾ ਪਾਸ ਲਈ ਚੱਲ ਪਿਆ ਜਿੱਥੇ ਅਗਲੀ ਰਾਤ ਗੁਜ਼ਾਰ ਕੇ ਰੂਪਾ ਪਹੁੰਚਣਾ ਸੀ।

ਇਹ ਤਾਂ ਹੁਣ ਸਾਫ ਸੀ ਕਿ ਗੁਰੂ ਨਾਨਕ ਨੇ ਤਵਾਂਗ ਨਾਗੁਲਾ ਹੰਦੇ ਹੋਏ ਲਾਸਾ ਦਾ ਸਫਰ ਕੀਤਾ ਤੇ ਉਥੋਂ ਸਾਮਿਆ ਮੱਠ ਹੁੰਦੇ ਹੋਏ ਲਾ ਖਾਨਿਆ ਦਰਰੇ ਰਾਹੀਂ ਮੰਚੂਖਾ ਪਹੁੰਚੇ ਜਿਸ ਦਾ ਵਿਸਥਾਰ ਨਾਲ ਵਰਨਣ ਪਹਿਲਾਂ ਕੀਤਾ ਜਾ ਚੁੱਕਾ ਹੈ। ਮੰਚੂਖਾ ਤੋਂ ਗੁਰੂ ਜੀ ਸਿਆਂਗ (ਸਾਂਗਪੋ) ਦਰਿਆ ਦੇ ਨਾਲ ਨਾਲ ਟੂਟਿੰਗ ਗੈਲਿੰਗ ਵਾਦੀ ਪਹੁੰਚੇ। ਗੈਲਿੰਗ ਤੇ ਟੂਟਿੰਗ ਦੇ ਗੋਂਫਾ ਵਿੱਚ ਵੀ ਗੁਰੂ ਨਾਨਕ ਦੇਵ ਜੀ ਦੀਆਂ ਮੂਰਤੀਆਂ ਸਥਾਪਿਤ ਹਨ ਜਿਥੇ ਦੇ ਵਾਸੀ ਮੇਂਬਾ ਵੀ ਗੁਰੂ ਨਾਨਕ ਜੀ ਵਿੱਚ ਡੂੰਘੀ ਸ਼ਰਧਾ ਰਖਦੇ ਹਨ। ਸਿਆਂਗ ਨਦੀ ਦੇ ਨਾਲ ਨਾਲ ਹੀ ਅੱਗੇ ਗੁਰੂ ਜੀ ਸਾਦੀਆ ਪਹੁੰਚੇ ਤੇ ਤੇਜੂ ਹੁੰਦੇ ਹੋਏ ਕਾਰਤਿਕ ਪੂਰਨਿਮਾ ਦੇ ਮੇਲੇ ਤੇ ਬ੍ਰਹਮਕੁੰਡ ਪਹੁੰਚੇ ਤੇ ਹਾਜ਼ਿਰ ਸਾਧੂਆਂ ਨਾਲ ਵਚਨ ਬਿਲਾਸ ਕੀਤੇ। ਇਹ ਮੇਲਾ ਪਰਸ਼ੂਰਾਮ ਨਾਲ ਸਬੰਧਿਤ ਦਸਿਆ ਜਾਂਦਾ ਹੈ।

ਪਰਸ਼ੂਰਾਮ ਬ੍ਰਾਹਮਣਾਂ ਦਾ ਸਖਤ ਵਿਰੋਧੀ ਸੀ ਤੇ ਉਸ ਨੇ ਜਿਸ ਬ੍ਰਾਹਮਣ ਨੂੰ ਵੇਖਿਆ ਅਪਣੇ ਕੁਹਾੜੇ ਨਾਲ ਮੌਤ ਦੇ ਘਾਟ ਉਤਾਰ ਦਿਤਾ। ਗੁੱਸੇ ਵਿੱਚ ਆਏ ਨੇ ਅਪਣੀ ਮਾਂ ਨੂੰ ਵੀ ਕੁਹਾੜਾ ਮਾਰ ਕੇ ਮਾਰ ਦਿਤਾ ਤਾਂ ਪਿਤਾ ਨੇ ਉਸ ਨੂੰ ਸਰਾਪ ਦੇ ਦਿਤਾ। ਪਾਪ ਦਾ ਪ੍ਰਾਇਸ਼ਚਿਤ ਕਰਨ ਲਈ ਉਸ ਨੇ ਅਪਣਾ ਖੂਨ ਭਰਿਆ ਕੁਹਾੜਾ ਬ੍ਰਹਮ ਕੁੰਡ ਵਿੱਚ ਧੋਇਆ ਤਾਂ ਸਾਰੀ ਝੀਲ ਲਾਲੋ ਲਾਲ ਹੋ ਗਈ। ਇਸ ਲਾਲ ਪਾਣੀ ਨੂੰ ਕੱਢਣ ਲਈ ਪਰਸ਼ੂ ਰਾਮ ਨੇ ਪਹਾੜ ਕੱਟ ਕੇ ਰਾਹ ਬਣਾਇਆ ਜੋ ਲੋਹਿਤ ਦਰਿਆ ਦਾ ਰੂਪ ਧਾਰ ਗਿਆ ਤੇ ਬ੍ਰਹਮਪੁੱਤਰ ਦਰਿਆ ਦਾ ਅਨਿੱਖੜਵਾਂ ਅੰਗ ਬਣ ਗਿਆ। ਏਥੋ ਅੱਗੇ ਵਾਲੌਂਗ ਰਾਹੀਂ ਚੀਨ ਵਿੱਚ ਰੀਮਾ ਨਾ ਦੀ ਥਾਂ ਤੇ ਪਹੁੰਚੇ।

ਡਾ ਸੁਰਿੰਦਰ ਸਿੰਘ ਕੋਹਲੀ ਤੇ ਹੋਰ ਖੋਜੀਆਂ ਮੁਤਾਬਿਕ ਗੁਰੂ ਜੀ ਚੀਨ ਦੇ ਨਾਨਕਿੰਗ ਆਦਿ ਗਏ ਤੇ ਕਾਸ਼ਗਰ ਅਤੇ ਯਾਰਕੰਦ ਹੁੰਦੇ ਹੋਏ ਕਰਾਕੁਰਮ ਦਰਰੇ ਰਾਹੀਂ ਲਦਾਖ ਪਹੁੰਚੇ। ਡਾ ਫੌਜਾ ਸਿੰਘ ਕਿਰਪਾਲ ਸਿੰਘ ਦੀ ਖੋਜ ਮੁਤਾਬਿਕ ਗੁਰੂ ਜੀ ਚੀਨ ਤੋਂ ਤਿੱਬਤ ਹੁੰਦੇ ਹੋਏ ਕੈਲਾਸ਼ ਮਾਨਸਰੋਵਰ ਰਾਹੀਂ ਲਦਾਖ ਪਹੁੰਚੇ। ਸਿਲੀਗੁੜ੍ਹੀ ਮੇਰੀ ਮੁਲਾਕਾਤ ਕਰਮਾ ਪਾ ਮੱਤ ਦੇ ਪ੍ਰਮੁੱਖ ਲਾਮੇ ਚਿਮੇਦ ਰਿੰਮਜਿੰਗ ਰਿੰਪੋਸ਼ੇ ਨਾਲ ਹੋਈ। ਉਸ ਨੇ ਕਰਮਾ ਪਾ ਮੱਤ ਦੇ ਲਾਮਿਆਂ ਦਾ ਗੁਰੂ ਨਾਨਕ ਦੇਵ ਜੀ ਦੇ ਪੈਰੋਕਾਰ ਹੋਣਾ ਤੇ ਚੀਨ, ਤਿਬਤ, ਨੇਪਾਲ, ਸਿਕਿਮ, ਭੂਟਾਨ, ਅਰੁਣਾਚਲ ਆਕਿ ਦੀਆਂ ਯਾਤਰਾਵਾਂ ਦੀ ਪੁਸ਼ਟੀ ਕੀਤੀ। ਉਸ ਨੇ ਦੱਸਿਆ ਕਿ ਗੁਰੂ ਨਾਨਕ ਦੇਵ ਜੀ ਚੀਨ ਦੀ ਯਾਤਰਾ ਪਿੱਛੋਂ ਵੀ ਤਿੱਬਤ ਵਿਚੋਂ ਦੀ ਲੰਘੇ ਸਨ। ਗੁਰੂ ਜੀ ਦੇ ਲਾਸਾ ਜਾ ਕੇ ਲਾਮਿਆਂ ਨਾਲ ਚਰਚਾ ਕਰਨ ਅਤੇ ਗੁਰੂ ਜੀ ਨਾਲ ਸਬੰਧਤ ਕੋਕੋਨੂਰ ਝੀਲ ਦੀ ਮਸ਼ਹੂਰ ਲੋਕ ਗਾਥਾ ਦਾ ਉਸ ਨੇ ਲਾਮਾ ਪੁਸਤਕਾਂ ਵਿੱਚ ਹੋਣ ਦਾ ਜਿਕਰ ਕੀਤਾ। ਉਸ ਦਾ ਅਪਣਾ ਵਿਸ਼ਵਾਸ਼ ਗੁਰੂ ਜੀ ਜਿਸ ਨੂੰ ਮੈਂ ਛਪਵਾਉਣ ਦਾ ਵੀ ਵਾਦਾ ਕੀਤਾ। ਉਸ ਨੇ ਦਸਿਆ ਕਿ ਉਸ ਦਾ ਉਹ ਖਰੜਾ ਰਾਹੁਲ ਸਾਂਕ੍ਰਤਾਇਨ ਲੈ ਗਏ ਸਨ ਜਿਨ੍ਹਾਂ ਦੇ ਉਤਰਾਧਿਕਾਰੀਆਂ ਤੋਂ ਖਰੜਾ ਲਿਆ ਕੇ ਦੇਵੇਗਾ। ਇਸ ਖਰੜੇ ਨੂੰ ਛਪਵਾਉਣ ਲਈ ਮੈਂ ਭਾਸ਼ਾ ਵਿਭਾਗ ਪੰਜਾਬ ਨਾਲ ਵੀ ਗੱਲ ਕੀਤੀ ਜਿਨ੍ਹਾਂ ਨੇ ਇਸ ਖਰੜੇ ਨੂੰ ਛਾਪਣ ਦੀ ਹਾਮੀ ਭਰੀ ਪਰ ਪੰਜਾਬ ਤੋਂ ਵਾਪਿਸ ਸਿਲੀਗੁੜ੍ਹੀ ਆਉਣ ਤੇ ਪਤਾ ਲੱਗਾ ਕਿ ਉਹ ਅਚਾਨਕ ਅਮਰੀਕਾ ਚਲੇ ਗਏ ਹਨ ਤੇ ਲੱਖ ਕੋਸ਼ਿਸ਼ਾਂ ਦੇ ਬਾਦ ਵੀ ਉਹ ਖਰੜਾ ਪ੍ਰਾਪਤ ਨਾ ਹੋ ਸਕਿਆ।

ਗੁਰੂ ਜੀ ਦੇ ਤਿੱਬਤ ਤੋਂ ਲਦਾਖ ਪਹੁੰਚਣ ਦੇ ਨਿਸ਼ਾਨ ਕਈ ਬੋਧ ਮੱਠਾਂ ਵਿੱਚ ਮਿਲਦੇ ਹਨ ਜਿਨ੍ਹਾਂ ਵਿੱਚ ਗੁਰੂ ਜੀ ਦੇ ਉਸ ਥਾਂ ਪਹੰਚਣ ਦੀ ਖੁਸ਼ੀ ਦਾ ਉਤਸਵ ਮੁਖੌਟਿਆਂ ਦੇ ਨਾਚ ਨਾਲ ਮਨਾਇਆ ਜਾਂਦਾ ਹੈ।

ਗੁਰੂ ਨਾਨਕ ਦੇਵ ਜੀ ਦੀ ਯਾਦ ਵਿੱਚ ਮਨਾਏ ਉਤਸਵ ਵਿੱਚ ਲਾਮਾ ਮੁਖੌਟਿਆਂ ਦਾ ਨ੍ਰਿਤ

ਲੇਹ ਵਿੱਚ ਇੱਕ ਦਰਖਤ ਥੱਲੇ ਗੁਰੂ ਜੀ ਦੇ ਬਿਰਾਜਮਾਨ ਹੋਣ ਤੇ ਲੋਕਾਂ ਨੂੰ ਗਿਆਨ ਦੇਣ ਦੀ ਗਾਥਾ ਵੀ ਪ੍ਰਚਲਤ ਹੈ। ਲੇਹ ਤੋਂ 24 ਕਿਲੋਮੀਟਰ ਦੂਰ ਪੱਛਮ ਵਲ ਲੇਹ ਕਾਰਗਿਲ ਮਾਰਗ ਉਪਰ ਬਾਸਗੋ ਨਾ ਦੇ ਪਿੰਡ ਦੇ ਨੇੜੇ ਗੁਰੂ ਨਾਨਕ ਦੇਵ ਜੀ ਦੀ ਯਾਦ ਵਿੱਚ ਇੱਕ ਗੁਰਦਵਾਰਾ ਹੈ ਜਿੱਥੇ ਗੁਰੂ ਨਾਨਕ ਦੇਵ ਜੀ 1517 ਈ ਵਿੱਚ ਆਏ ਦੱਸੇ ਜਾਂਦੇ ਹਨ। ਪ੍ਰਚਲਤ ਲੋਕ ਗਾਥਾ ਅਨੁਸਾਰ ਇੱਕ ਦੁਸ਼ਟ ਦਾਨਵ ਏਥੋਂ ਦੇ ਲੋਕਾਂ ਨੂੰ ਬਹੁਤ ਤੰਗ ਕਰਦਾ ਰਹਿੰਦਾ ਸੀ ਤੇ ਲੋਕਾਂ ਨੂੰ ਅਪਣੇ ਪ੍ਰਭਾਵ ਥੱਲੇ ਰੱਖਣ ਲਈ ਦੁਸ਼ਟ ਚਾਲਾਂ ਚਲਦਾ ਰਹਿੰਦਾ ਸੀ। ਉਨ੍ਹਾਂ ਨੇ ਅਪਣੇ ਦੇਵਤਾਵਾਂ ਅੱਗੇ ਉਸ ਦੁਸ਼ਟ ਤੋਂ ਪਿੱਛਾ ਛੁਡਵਾਉਣ ਲਈ ਬਹੁਤ ਪ੍ਰਾਰਥਨਾਵਾਂ ਕੀਤੀਆਂ। ਆਖਿਰ ਇੱਕ ਦੇਵਤਾ ਰੂਪੀ ਮਹਾਂਪੁਰਸ਼ ਜਿਸ ਨੂੰ ਉਹ ਨਾਨਕ ਲਾਮਾ ਕਹਿੰਦੇ ਹਨ ਉਸ ਇਲਾਕੇ ਵਿੱਚ ਆਏ। ਦੁਸ਼ਟ ਨੂੰ ਅਪਣੇ ਇਲਾਕੇ ਜਿਚ ਹਰ ਆਣੇ ਗੈਰ ਨਾਲ ਨਫਰਤ ਸੀ। ਉਸ ਨੇ ਜਦ ਨਾਨਕ ਲਾਮਾ ਨੂੰ ਬੇਡਰ ਬੇਖੌਫ ਸਮਾਧੀ ਵਿੱਚ ਮਸਤ ਵੇਖਿਆ ਤਾਂ ਰੋਹ ਵਿੱਚ ਆਏ ਨੇ ਪਹਾੜੀ ਤੋਂ ਇੱਕ ਵਡਾ ਪੱਥਰ ਗੁਰੂ ਜੀ ਵਲ ਰੇੜ੍ਹਿਆ। ਪੱਥਰ ਆਇਆ ਤੇ ਗੁਰੂ ਜੀ ਦੀ ਪਿੱਠ ਨਾਲ ਲੱਗਕੇ ਮੋਮ ਵਰਗਾ ਹੋ ਗਿਆ ਤੇ ਗੁਰੂ ਜੀ ਨੂੰ ਕੋਈ ਨੁਕਸਾਨ ਨਾ ਪਹੁੰਚਿਆ। ਗੁਰੂ ਜੀ ਅਪਣੀ ਤਪਸਿਆ ਵਿੱਚ ਮਗਨ ਰਹੇ। ਦੁਸ਼ਟ ਨੇ ਸਮਝ ਲਿਆ ਕਿ ਉਸ ਪੱਥਰ ਥੱਲੇ ਆ ਕੇ ਅਜਨਬੀ ਜਰੂਰ ਮਰ ਗਿਆ ਹੋਣਾ ਹੈ। ਇਹ ਦੇਖਣ ਲਈ ਉਹ ਪਹਾੜੀ ਤੋਂ ਥੱਲੇ ਆਇਆ ਤਾਂ ਕੀ ਦੇਖਦਾ ਹੈ ਕਿ ਗੁਰੂ ਜੀ ਤਾਂ ਉਵੇਂ ਹੀ ਸਮਾਧੀ ਵਿੱਚ ਮਗਨ ਹਨ ਤੇ ਪੱਥਰ ਉਨ੍ਹਾਂ ਦੀ ਪਿੱਠ ਨਾਲ ਜੁੜਿਆ ਖੜਾ ਹੈ ਜਿਵੇਂ ਗੁਰੂ ਜੀ ਨੂੰ ਬੁੱਕਲ ਵਿੱਚ ਲਈ ਬੈਠਾ ਹੋਵੇ। ਗੁੱਸੇ ਵਿੱਚ ਆਪੇ ਤੋਂ ਬਾਹਰ ਹੋਏ ਨੇ ਪਿੱਛੋਂ ਉਸ ਪੱਥਰ ਨੂੰ ਪੈਰ ਨਾਲ ਧੱਕਣ ਦੀ ਕੋਸ਼ਿਸ਼ ਕੀਤੀ ਪਰ ਉਹ ਹੈਰਾਨ ਪ੍ਰੇਸ਼ਾਨ ਹੋਗਿਆ ਜਦੋਂ ਉਸ ਦਾ ਪੈਰ ਉਸ ਮੋਮ ਵਰਗੇ ਪੱਥਰ ਵਿੱਚ ਧੁਸ ਗਿਆ। ਦੁਸ਼ਟ ਨੂੰ ਅਪਣੀ ਗਲਤੀ ਦਾ ਅਹਿਸਾਸ ਹੋਇਆ ਕਿ ਉਹ ਇਸ ਮਹਾਨ ਹਸਤੀ ਅੱਗੇ ਬੇਬਸ ਹੈ। ਇਹ ਜਰੂਰ ਹੀ ਕੋਈ ਮਹਾਂ ਬਲੀ ਹੈ। ਉਹ ਗੁਰੂ ਜੀ ਅਗੇ ਖਲਾਸੀ ਲਈ ਬਿਨਤੀਆਂ ਕਰਨ ਲੱਗਾ। ਗੁਰੂ ਜੀ ਨੇ ਉਸ ਨੂੰ ਬਖਸ਼ਦਿਤਾ ਤੇ ਅਗੋਂ ਤੋਂ ਲੋਕ ਸੇਵਾ ਵਿੱਚ ਚੰਗੇ ਕਰਨ ਲਈ ਕਿਹਾ। ਦੁਸ਼ਟ ਦਾ ਮਨ ਬਦਲ ਗਿਆ ਤੇ ਉਹ ਲੋਕ ਭਲਾਈ ਵਿੱਚ ਜੁਟ ਗਿਆ।




ਪੱਥਰ ਸਾਹਿਬ ਬਾਸਗੋ ਤੇ ਗੁਰਦਵਾਰਾ ਸਾਹਿਬ

ਇਸ ਸਥਾਨ ਦਾ ਨਾਮ ਪੱਥਰ ਸਾਹਿਬ ਕਰਕੇ ਪ੍ਰਸਿੱਧ ਹੋਇਆ ਜਿੱਥੇ ਹੁਣ ਇੱਕ ਗੁਰਦਵਾਰਾ ਸਾਹਿਬ ਸੁਸ਼ੋਭਿਤ ਹੈ। ਗੁਰੂ ਨਾਨਕ ਦੇਵ ਜੀ ਇਸ ਤੋਂ ਅਗੇ ਕਾਰਗਿਲ ਵੱਲ ਰਵਾਨਾ ਹੋਏ।